ਸਭ ਹਕ ਰਖਵੇਂ ਹਨ ਬਿਨਾ ਆਗਯਾ ਕੋਈ ਨਾ ਛਾਪੇ

ਕਿੱਸਾ

# ਸੋਹਣੀ ਮਹੀਂਵਾਲ

ਕ੍ਰਿਤ

ਪਾਲਸਿੰਘ ਆਰਫ਼

DYAL SINGH LIBRARY

ਜਿਸਨੂੰ

ਪੰਡਿਤ ਰੋੜਾਰਾਮ ਐਂਡ ਸੇਨਜ਼

ਮਾਲਿਕ ਸੰਸਕ੍ਰਿਤ ਵਾ ਗੁਰਮੁਖੀ ਪੁਸਤਕਾਲਯ
ਹਸਪਤਾਲ ਰੋਡ ਲਾਹੌਰ ਨੇ

ਸ੍ਰੀ ਬਾਲਮੁਕੰਦ ਸਟੀਮ ਪ੍ਰੈਸ਼ ਹਸਪਤਾਲ ਰੋੜ ਲਾਹੌਰ ਵਿਚ
ਪੰਡਿਤ ਕਿਸ਼ਨਗੁਪਾਲ ਕੇ ਅਧਿਕਾਰ ਸੇ ਛਪਵਾਯਾ ॥

ਫਾਨੀ ਚਲੇ ਗਏਜੋ ਪੀਰ ਅਵਤਾਰ ਹੈਜੀ। ਦਮਦਮ ਦਿਲਦਾਰ ਵਸਾਰ ਨਾਹੀਂ ਨਹੀਂ ਦਮਦਾ ਕੁਛ ਇਤਵਾਰ ਹੈਜੀ। ਜਿਨਾ ਯਾਰ ਤੋਂ ਜਾਨ ਕੁਰਬਾਨ ਕੀਤੀ ਹੋਏ ਯਾਰ ਨੂੰ ਮਿਲਕੇ ਯਾਰ ਹੈਜੀ। ਹਰ ਹਾਲ ਦੇ ਨਾਲ ਨਿਹਾਲ ਰਹਿੰਦੇ ਘਰ ਬਾਰ ਹਮੇਸ਼ ਬਹਾਰ ਹੈਜੀ। ਫਿਰਨ ਮਸਤ ਅਲਮਸਤ ਨਾ ਗੰਮ ਕੋਈ ਆਸ਼ਕ ਰਬਦੇ ਰਬ ਨਿਹਾਰ ਹੈਜੀ। ਮਿਟੀ ਸੁਰਗ ਬਹਿਸ਼ਤ ਦੀ ਚਾਹ ਸਾਰੀ ਕਰਕੇ ਯਾਰਦਾ ਇਕ ਦੀਦਾਰ ਹੈ ਜੀ। ਰਾਜ ਤਖਤ ਤੇ ਦੀਨ ਈਮਾਨ ਸਾਰੇ ਸੁਟੇ ਪਿਆਰੜੇ ਦੇ ਸਿਰੋਂ ਵਾਰ ਹੈ ਜੀ। ਜਿਧਰ ਵੇਖਦੇ ਦਿਸਦਾ ਆਪ ਸਾਰੇ ਮੁਖ ਸੋਹਨੇ ਦਾ ਤਰਫ ਚਾਰ ਹੈਜੀ। ਜੈਸੇ ਗੰਗ ਤਰੰਗ ਅਨੇਕ ਹੋਵਨ ਅਤੇ ਬੀਜ ਦਾ ਬ੍ਰਿਛ ਪਸਾਰ ਹੈਜੀ। ਲਖਾਂ ਦੀਵਿਆਂ ਦੇ ਵਿਚ ਅਗ ਇਕੋ ਘਟ ਮਟ ਸਭ ਮਾਂਹਿ ਪ੍ਰਕਾਸ਼ ਹੈ ਜੀ। ਜਿਨਾ ਆਪਨੇ ਆਪਦੀ ਸਾਰ ਪਾਈ ਹੋਈ ਸਾਹਿਬ ਸੰਦੀ ਤਿਨਾਂ ਸਾਰ ਹੈਜੀ। ਮਿਲਕੇ ਰਬਨੂੰ ਰਬਦਾ ਰੂਪ ਹੋਏ ਜਿਵੇਂ ਬੂੰਦ ਸਮੁੰਦ੍ਰ ਵਚਾਰ ਹੈ ਜੀ। ਜਿਨਾ ਚਾਏ ਵਸਾਰਿਆ ਯਾਰ ਤਾਈਂ ਗਏ ਉਮਰ ਬੇਕਾਰ ਗੁਜਾਰ ਹੈ ਜੀ। ਮੋਹਬਤ ਗੁਰਾਂ ਤੇ ਮੁਰਸ਼ਦਾਂ ਨਾਲ ਮਿਲਦਾ ਭੇਦ ਰਬ ਰਹੀਮ ਕਰਤਾਰ ਹੈ ਜੀ। ਪਾਲ ਸਿੰਘ ਦੂਜਾ ਗਫਲਤ ਵਿਚ ਦਿਸੇ ਸਾਰੇ ਤੂੰਹੀ ਹੋ ਦੇਖ ਬੇਦਾਰ ਹੋ ਜੀ॥ ੧॥

ਮੁਸੱਨਫ

ਕੀਤਾ ਦੋਸਤਾਂ ਏਹ ਸਵਾਲ ਮੈਨੂੰ ਕਰਨਾ ਇਸ਼ਕ ਦਾ ਖੂਬ ਬਿਆਨ ਚਾਹੀਏ। ਹਾਲ ਸੋਹਨੀਤੇ ਮਹੀਂਵਾਲ ਵਾਲਾ ਕਹਨਾ ਵਿਚ ਪੰਜਾਬੀ ਜ਼ਬਾਨ ਚਾਹੀਏ। ਜਿਸਮੇਂ ਇਸ਼ਕ ਹਕੀਕ

ਫਾਨੀ ਹੁਲੇ ਗਏ ਜੋ ਪ੍ਰੀਤ ਅਵਤਾਰ ਹੈਜੀ। ਦਮਦਮ ਦਿਲਦਾਰ ਯਾਰ ਨਾਹੀਂ ਨਹੀਂ ਦਮਦਾ ਕੁਛ ਇਤਵਾਰ ਹੈਜੀ। ਜਿਨਾ ਯਾਰ ਤੋਂ ਜਾਨ ਕੁਰਬਾਨ ਕੀਤੀ ਹੋਏ ਯਾਰ ਨੂੰ ਮਿਲਕੇ ਯਾਰ ਹੈਜੀ। ਹਰ ਹਾਲ ਦੇ ਨਾਲ ਨਿਹਾਲ ਰਹਿੰਦੇ ਘਰ ਬਾਰ [illegible] ਹੈਜੀ। ਫਿਰਨ ਮਸਤ ਅਲਮਸਤ ਨਾ ਗੀਮ ਕੋਈ ਆਸ਼ਕ ਰਖਦੇ ਰਬ ਨਿਹਾਰ ਹੈਜੀ। ਮਿਟੀ ਸੁਰਗ ਬਹਿਸ਼ਤ ਦੀ ਚਾਹ ਸਾਰੀ ਕਰਕੇ ਯਾਰਦਾ ਇਕ ਦੀਦਾਰ ਹੈ ਜੀ। ਰਾਜ ਤਖਤ ਤੇ ਦੀਨ ਈਮਾਨ ਸਾਰ ਸੁਟੇ ਪਿਆਰੜੇ ਦੇ ਸਿਰੋਂ ਵਾਰ ਹੈ ਜੀ। ਜਿਧਰ ਦੇਖਦੇ ਦਿਸਦਾ ਆਪ ਸਾਰੇ ਮੁਖ ਸੋਹਨੇ ਦਾ ਤਰਫ ਚਾਰ ਹੈਜੀ। ਜੈਸੇ ਗੀਰ ਤਰੰਗ ਅਨੇਕ ਹੋਵਨ ਅਤੇ ਬੀਜ ਦਾ ਬ੍ਰਿਛ ਪਸਾਰ ਹੈਜੀ। ਲਖਾਂ ਦੀਵਿਆਂ ਦੇ ਵਿਚ ਅਗ ਇਕੋ ਘਟ ਮਟ ਸਭ ਮਾਂਹਿ ਪੁਲਾਰ ਹੈ ਜੀ। ਜਿਨਾ ਆਪਨੇ ਆਪਦੀ ਸਾਰ ਪਾਈ ਹੋਈ ਸਾਹਿਬ ਸੰਦੀ ਤਿਨਾਂ ਸਾਰ ਹੈਜੀ। ਮਿਲਕੇ ਰਹਨੂੰ ਰਬਦਾ ਰੂਪ ਹੋਏ ਜਿਵੇਂ ਬੂੰਦ ਸਮੁੰਦ ਵਚਾਰ ਹੈ ਜੀ। ਜਿਨਾ ਚਾਏ ਵਸਾਰਿਆ ਯਾਰ ਤਾਈਂ ਗਏ ਉਮਰ ਵਿਕਾਰ ਗੁਜਾਰ ਹੈ ਜੀ। ਮੋਹਬਤ ਗੁਰਾਂ ਤੇ ਮੁਰਸ਼ਦਾਂ ਨਾਲ ਮਿਲਦਾ ਭੇਦ ਰਬ ਰਹੀਮ ਕਰਤਾਰ ਹੈ ਜੀ। ਪਾਲ ਸਿੰਘ ਦੂਜਾ ਗਫਲਤ ਵਿਚ ਦਿਸੇ ਸਾਰੇ ਤੂੰਹੀ ਹੋ ਦੇਖ ਬੇਦਾਰ ਹੈ ਜੀ॥ ੧॥

ਮੁਸੱਨਫ

ਕੀਤਾ ਦੋਸਤਾਂ ਏਹ ਸੁਵਾਲ ਮੈਨੂੰ ਕਰਨਾ ਇਸ਼ਕ ਦਾ ਖੂਬ ਬਿਆਨ ਚਾਹੀਏ। ਹਾਲ ਸੋਹਨੀ ਤੇ ਮਹੀਵਾਲ ਵਾਲਾ ਕਹਨਾ ਵਿਚ ਪੰਜਾਬੀ ਜ਼ਬਾਨ ਚਾਹੀਏ। ਜਿਸਮੇਂ ਇਸ਼ਕ ਹਕੀਕ

੧ ੳ ਸਤਿਗੁਰ ਪ੍ਰਸਾਦਿ॥

ਆਦ ਅੰਤ ਹਰ ਏਕ ਅਨੇਕ ਹੋਕੇ ਰਮਜਾਂ ਵਿਚ ਸਾਰੇ ਸੰਸਾਰ ਹੈਜੀ। ਹਰਹਰ ਜਾਨ ਅੰਦਰ ਵਸੇ ਜਾਨ ਵਾਂਗੂ ਆਪੇ ਆਪਕੋ ਜਾਨਨੇ ਹਾਰ ਹੈਜੀ। ਪਾਨੀ ਪੌਨ ਆਤਸ਼ ਖਾਕ ਮੇਲ ਚਾਰੇ ਕੀਤੇ ਬੁਤ ਏਹ ਸਭ ਤਿਆਰ ਹੈਜੀ। ਬੰਦੇ ਫੁਲ ਤੇ ਹਕ ਜਿਵੇਂ ਬਾਸ ਜਾਨੀ ਅਤੇ ਜਗਤ ਦੇਹ ਜ਼ਿਖੀ ਗੁਲਜ਼ਾਰ ਹੈ ਜੀ। ਕੀਤਾ ਨੂਰ ਥੀਂ ਸਭ ਜ਼ਹੂਰ ਪੈਦਾ ਸੂਰਜ ਚੰਦ ਅਸਮਾਨ ਸਤਾਰ ਹੈ ਜੀ। ਜੀਵ ਜੰਤ ਤੇ ਦੇਵ ਅਰ ਦੈਂਤ ਜੇਤੇ ਆਪੇ ਸਭਕੋ ਪਾਲਨੇ ਹਾਰ ਹੈਜੀ। ਸਾਹਿਬ ਕਰੇ ਜੇਹੜੀ ਸੋਈ ਹੋਵੰਦੀਏ ਬੰਦਾ ਕੌਨ ਸਕੇ ਦਮ ਮਾਰ ਹੈ ਜੀ। ਕਦੇ ਸ਼ਾਹ ਨੂੰ ਚਾਇ ਕੰਗਾਲ ਕਰਦਾ ਅਤੇ ਕਦੇ ਕੰਗਾਲ ਸਰਦਾਰ ਹੈਜੀ। ਓਸੇ ਰਾਮ ਦੇ ਨਾਮ ਸੇ ਪ੍ਰੀਤ ਕਰ ਤੂੰ ਛੋੜ ਜਗ ਦਾ ਮੋਹ ਪਿਆਰ ਹੈਜੀ। ਦੇਖ ਦਿਲ ਦੇ ਵਿਚ ਵਿਚਾਰ ਕਰਕੇ ਇਨਾ ਯਾਰ ਝੂਠੀ ਸਭ ਕਾਰ ਹੈਜੀ॥ ਜਿਨਾ ਚਾਏ ਵਸਾਇਆਂ ਪਿਆਰਕੇ ਨੂੰ ਪਛਤਾਏ ਮੋਏ ਅੰਤ ਬਾਰ ਹੈਜੀ। ਕੀਤੀ ਪ੍ਰੀਤ ਪ੍ਰਮਾਤਮਾਂ ਨਾਲ ਜਿਨਾਂ ਹੋਏ ਸਿੰਧ ਸੰਸਾਰ ਥੀਂ ਪਾਰ ਹੈਜੀ। ਦੁਨੀਆਂ ਜਾਨ ਸਰਾਓ ਇਨਸਾਨ ਰਾਹੀ ਐਵੇਂ ਜਾਵਨੀ ਹੈਨ ਹੁਸ਼ਾਰ ਹੈਜੀ। ਕਿਸਦੇ ਮਹਲ ਮਕਾਨ ਤੇ ਰਾਜ ਘੋੜੇ ਕਿਸਦੇ ਪੁਤ ਭਾਈ ਅਤੇ ਨਾਰ ਹੈਜੀ। ਜਗਤ ਖਾਬ ਖਿਆਲ ਦੀ ਖੇਲ ਸਾਰੀ ਦੇਂਦਾ ਝੂਲਨਾ ਕਰੇ ਇਕਰਾਰ ਹੈ ਜੀ। ਓੜਕ ਫੇਰ ਭੀ ਖਾਕ ਦੇ ਵਿਚ ਰਲਨਾ ਏਥੋਂ ਜੀਵਨਾ ਦਿਨਸ ਚਾਰ ਹੈਜੀ। ਜਾਨ ਦੇਹ ਜਹਾਨ ਮਕਾਨ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.